# 10

## ਸਵਾਲ:

# ''ਜੇ ਯਿਸੂ ਐਨਾ ਭਲਾ ਮਨੁੱਖ ਸੀ, ਤਾਂ ਉਹ ਇਕ ਆਮ ਮੁਜਰਮ ਵਾਂਗ ਕਿਉਂ ਮਰਿਆ?''

## ਜਵਾਬ:

ਕਲਵਰੀ ਦਾ ਖਿਆਲ ਆਉਂਦਿਆਂ ਹੀ ਅਸੀਂ ਇਹ ਪੁੱਛਣ ਲਈ ਮਜਬੂਰ ਹੋ ਜਾਂਦੇ ਹਾਂ ਕਿ ''ਜੇ ਯਿਸੂ ਐਨਾ ਹੀ ਭਲਾ ਹੈ ਤਾਂ ਉਸ ਦੀ ਮੌਤ ਇਕ ਆਮ ਮੁਜਰਮ ਵਾਂਗ ਕਿਉਂ ਹੋਈ?''

ਮੋਟੀਆਂ ਮੋਟੀਆਂ ਅੱਖਾਂ ਵਾਲੀ ਇਕ ਮੁਟਿਆਰ ਨੇ ਇਕ ਵਾਰ ਮੈਥੋਂ ਇਹ ਸਵਾਲ ਇਵੇਂ ਪੁੱਛਿਆ, ''ਜੇ ਯਿਸੂ ਦਾ ਕੋਈ ਜੁਰਮ ਨਹੀਂ ਸੀ, ਤਾਂ ਉਸ ਨੂੰ ਸਲੀਬ ਕਿਉਂ ਦਿੱਤਾ ਗਿਆ ਸੀ? ਮੈਨੂੰ ਤਾਂ ਇਸ ਵਿਚ ਕੋਈ ਤੁਕ ਨਜ਼ਰ ਨਹੀਂ ਆਉਂਦੀ।'' ਸਵਾਲ ਤਾਂ ਸਚਮੁਚ ਵਜ਼ਨਦਾਰ ਲੱਗਦਾ ਹੈ, ਕਿ ਨਹੀਂ?

ਪਹਿਲੀ ਗੱਲ ਤਾਂ ਇਹ ਹੈ ਕਿ ਇਹ ਸਵਾਲ ਇਸ ਲਈ ਅਹਿਮ ਹੈ ਕਿਉਂਕਿ ਯਿਸੂ ਇਕ ਭਲਾ ਮਾਨਸ ਸੀ। ਇਤਿਹਾਸ ਦੇ ਕਰੀਬ ਸਭ ਨਾਇਕਾਂ ਵਿਚ ਕੋਈ ਨਾ ਕੋਈ ਕਮਜ਼ੋਰੀ ਰਹੀ ਹੈ। ਉਹ ਮਹਾਨ ਤਾਂ ਸਨ ਪਰ ਉਨ੍ਹਾਂ ਵਿਚ ਕੁਝ ਖ਼ਾਮੀਆਂ ਵੀ ਸਨ। ਪਰ ਯਿਸੂ ਵਿਚ ਅਜਿਹੀ ਕੋਈ ਖ਼ਾਮੀ ਨਹੀਂ ਸੀ। ਕਿਸੇ ਨੇ ਵੀ ਇਸ ਤੋਂ ਇਨਕਾਰ ਨਹੀਂ ਕੀਤਾ ਕਿ ਉਹ ਇਕ ਭਲਾ ਮਨੁੱਖ ਸੀ। ਬੇਵਿਸ਼ਵਾਸੇ ਬੰਦੇ ਵੱਲੋਂ ਇਸ ਨੂੰ ਥੋੜ੍ਹਾ ਅਜੀਬ ਮੰਨਿਆ ਜਾ ਸਕਦਾ ਹੈ ਜਾਂ ਇਹ ਕਿ ਉਹ ਦੀਆਂ ਸਿੱਖਿਆਵਾਂ ਅਣਵਿਹਾਰਕ ਹਨ। ਪਰ ਕੋਈ ਵੀ ਇਸ ਤੋਂ ਇਨਕਾਰ ਨਹੀਂ ਕਰ ਸਕਦਾ ਕਿ ਉਹ ਇਕ ਭਲਾ ਮਨੁੱਖ ਸੀ।

ਇਹ ਸਵਾਲ ਇਸ ਲਈ ਵੀ ਅਹਿਮ ਹੈ ਕਿਉਂਕਿ ਯਿਸੂ ਨੂੰ ਇਕ ਆਮ ਮੁਜਰਮ ਵਾਂਗ ਸਲੀਬ ਦਿੱਤਾ ਗਿਆ ਸੀ। ਪੁਰਾਣੇ ਜ਼ਮਾਨੇ ਵਿਚ ਬਹੁਤ ਸਾਰੇ ਲੋਕਾਂ ਨੂੰ ਸਲੀਬ ਦਿੱਤਾ ਜਾਦਾ ਸੀ। ਸਿਕੰਦਰ ਮਹਾਨ ਨੇ ਸੂਰ ਦੇ ਲੋਕਾਂ ਦੇ ਖ਼ਿਲਾਫ਼ ਜੰਗ ਵਿਚ ਆਪਣੇ ਇਕ ਹਜ਼ਾਰ ਦੁਸ਼ਮਣਾਂ ਨੂੰ ਸਲੀਬ ਦੇ ਦਿੱਤਾ ਸੀ। ਅਤੇ ਜੋਸੇਫ਼ਸ ਦੇ ਮੁਤਾਬਿਕ 70 ਈ. ਦੇ ਅਖੀਰ ਵਿਚ ਯਰੂਸ਼ਲਮ ਤੇ ਕਬਜ਼ਾ ਕਰਨ ਦੇ ਬਾਅਦ ਰੋਮੀਆਂ ਨੇ ਉਸ ਦੀ ਸ਼ਹਿਰਪਨਾਹ ਤੇ ਤੀਹ ਹਜ਼ਾਰ ਬੰਦੇ ਸਲੀਬ ਚੜ੍ਹਾਏ ਸਨ।[1]

ਇਕ ਅਰਥ ਵਿਚ ਯਿਸੂ ਦੀ ਮੌਤ ''ਆਮ'' ਮੁਜਰਮ ਵਾਲੀ ਨਹੀਂ ਸੀ। ਰੋਮੀਆਂ ਵਿਚ ਕਿਸੇ ਨੂੰ ਸਲੀਬ ਦੇਣਾ ਤਾਂ ਆਮ ਗੱਲ ਸੀ, ਪਰ ਸਲੀਬ ਸਿਰਫ਼ ''ਗੁਲਾਮਾਂ, ਵਿਦੇਸ਼ੀਆਂ ਜਾਂ ਹੇਠਲੇ ਪੱਧਰ ਦੇ ਮੁਜਰਮਾਂ'' ਨੂੰ ਦਿੱਤਾ ਜਾਂਦਾ ਸੀ। ਆਮ ਤੌਰ ਤੇ ਰੋਮੀ ਸ਼ਹਿਰੀਆਂ ਨੂੰ ਸਲੀਬ ਨਹੀਂ ਦਿੱਤਾ ਜਾਂਦਾ ਸੀ।[2] ਇਸ ਦਾ ਮਤਲਬ ਇਹ ਹੋਇਆ ਕਿ ਸਲੀਬ ਤੇ ''ਆਮ ਮੁਜਰਮਾਂ'' ਨੂੰ ਨਹੀਂ ਬਲਕਿ ''ਖਾਸ ਮੁਜਰਮਾਂ'' ਨੂੰ ਵੀ ਦਿੱਤਾ ਜਾਂਦਾ ਸੀ। ਇਹ ਸਜ਼ਾ ਮਨੁੱਖੀ ਕੌਮ ਦੇ ਸਭ ਤੋਂ ਹੇਠਲੇ ਪੱਧਰ ਦੇ ਲੋਕਾਂ ਵਾਲੀ ਸੀ। ਇਨ੍ਹਾਂ ਨੂੰ ਗੈਰ ਮਾਮੂਲੀ ਤਰੀਕੇ ਨਾਲ ਸ਼ਰਮਨਾਕ, ਤਕਲੀਫ਼ਦੇਹ ਅਤੇ ਤੜਫ਼ਾ ਤੜਫ਼ਾ ਕੇ ਮੌਤ ਦਿੱਤੀ ਜਾਂਦੀ ਸੀ। ਹਜ਼ਾਰਾਂ ਲੋਕਾਂ ਨੂੰ ਸਲੀਬ ਤੇ ਯਿਸੂ ਵਾਂਗ ਹੀ ਮਾਰਿਆ ਗਿਆ ਸੀ। ਫਿਰ ਉਸ

ਨੂੰ ਜੋ ਐਨਾ ਭਲਾ ਸੀ, ਸਮਾਜ ਦੇ ਬਦਕਾਰਾਂ ਵਾਂਗ ਕਿਉਂ ਮਾਰਿਆ ਗਿਆ?

ਸਾਫ਼ ਕਹੀਏ ਕਿ ਜੇ ਯਿਸੂ ਦੀ ਮੌਤ ਉਨ੍ਹਾਂ ਲੋਕਾਂ ਵਾਂਗ ਹੀ ਹੁੰਦੀ ਜਿਨ੍ਹਾਂ ਨੂੰ ਸਲੀਬ ਦਿੱਤਾ ਜਾਂਦਾ ਸੀ ਤਾਂ ਸਾਡੇ ਲਈ ਉਹਦੀ ਮੌਤ ਦਾ ਕੋਈ ਮਤਲਬ ਨਾ ਰਹਿ ਜਾਂਦਾ। ਮਸੀਹੀਅਤ ਦੀ ਉਮੀਦ ਤਾਂ ਇਸੇ ਹਕੀਕਤ ਤੇ ਹੈ ਕਿ ਮਸੀਹ ਦੀ ਮੌਤ ਬਹੁਤ ਸਾਰੇ ਪਹਿਲੂਆਂ ਤੋਂ ਨਿਰਾਲੀ ਸੀ। ਆਮ ਤੌਰ ਤੇ ਲਗਦਾ ਹੈ ਕਿ ਉਸਦੀ ਮੌਤ ਬਹੁਤ ਸਾਰੇ ਹੋਰ ਲੋਕਾਂ ਵਰਗੀ ਸੀ, ਪਰ ਹਕੀਕਤ ਵਿਚ ਇਹ ਉਨ੍ਹਾਂ ਨਾਲੋਂ ਬਹੁਤ ਫ਼ਰਕ ਸੀ।

## ਇਹ ਇਕ ਬੇਕਸੂਰ ਦੀ ਮੌਤ ਸੀ

ਉਸ ਦੀ ਮੌਤ ਫ਼ਰਕ ਸੀ ਕਿਉਂਕਿ ਇਹ ਇਕ ਬੇਕਸੂਰ ਆਦਮੀ ਦੀ ਮੌਤ ਸੀ।

ਇੰਜੀਲ ਦੀਆਂ ਕਿਤਾਬਾਂ ਇਹ ਸਪੱਸ਼ਟ ਕਰ ਦਿੰਦੀਆਂ ਹਨ ਕਿ ਯਿਸੂ ਨੇ ਅਜਿਹਾ ਕੁਝ ਵੀ ਨਹੀਂ ਕੀਤਾ ਸੀ ਜਿਸ ਨਾਲ ਉਸ ਨੂੰ ਮੌਤ ਦੀ ਸਜ਼ਾ ਦਿੱਤੀ ਜਾਂਦੀ। ਯਿਸੂ ਦੇ ਵੈਰੀਆਂ ਵੱਲੋਂ ਦਿੱਤੀ ਗਈ ਝੂਠੀ ਗਵਾਹੀ ਆਪਸ ਵਿਚ ਰਲਦੀ ਨਹੀਂ ਸੀ (ਮੱਤੀ 26:59, 60)। ਯਿਸੂ ਐਨਾ ਬੇਕਸੂਰ ਸੀ ਕਿ ਝੂਠੇ ਲੋਕਾਂ ਨੂੰ ਵੀ ਉਸ ਉੱਤੇ ਇਲਜ਼ਾਮ ਲਾਉਣ ਦੀ ਕੋਈ ਗੱਲ ਨਹੀਂ ਮਿਲ ਸਕੀ! ਪਿਲਾਤੁਸ ਅਤੇ ਹੇਰੋਦੇਸ ਨੂੰ ਵੀ ਜੋ ਰੋਮ ਦੇ ਹਾਕਮ ਸਨ ਯਿਸੂ ਵਿਚ ਕੋਈ ਕਸੂਰ ਨਾ ਲੱਭਾ (ਲੂਕਾ 23:14, 15)। ਜੇ ਯਿਸੂ ਦੇ ਕਸੂਰਵਾਰ ਜਾਂ ਬੇਕਸੂਰ ਹੋਣ ਵਿਚ ਕੋਈ ਅਸਲ ਫ਼ਰਕ ਕਰ ਸਕਦਾ ਸੀ ਤਾਂ ਉਹ ਪਿਲਾਤੁਸ ਅਤੇ ਹੇਰੋਦੇਸ ਹੀ ਸਨ, ਅਤੇ ਉਨ੍ਹਾਂ ਦੋਹਾਂ ਨੇ ਕਹਿ ਦਿੱਤਾ ਕਿ ਯਿਸੂ ਕਸੂਰਵਾਰ ਨਹੀਂ ਹੈ! ਪਿਲਾਤੁਸ ਦੀ ਪਤਨੀ ਨੇ ਕਿਹਾ ਕਿ ਯਿਸੂ ਬੇਕਸੂਰ ਸੀ! ਉਸ ਨੇ ਆਪਣੇ ਪਤੀ ਨੂੰ ਸੁਨੇਹਾ ਘੱਲਿਆ: ''... ਤੂੰ ਉਸ ਧਰਮੀ ਨਾਲ ਕੁਝ ਵਾਸਤਾ ਨਾ ਰੱਖ ...'' (ਮੱਤੀ 27:19)। ਯਿਸੂ ਦੀ ਮੌਤ ਹੋਣ ਤੇ ਉਸ ਨੂੰ ਮਾਰਨ ਵਾਲੇ ਸੂਬੇਦਾਰ ਨੇ ਮੰਨਿਆ ਕਿ ਉਹ ਬੇਕਸੂਰ ਸੀ। ਉਸ ਦੀ ਮੌਤ ਨੂੰ ਵੇਖਣ ਦੇ ਬਾਅਦ, ''ਸੂਬੇਦਾਰ ਨੇ ... ਪਰਮੇਸ਼ੁਰ ਦੀ ਵਡਿਆਈ ਕੀਤੀ ਅਤੇ ਬੋਲਿਆ, ਸੱਚੀ ਮੁੱਚੀ ਇਹ ਧਰਮੀ ਪੁਰਖ ਸੀ'' (ਲੂਕਾ 23:47)। ਜੇ ਇਹ ਪੱਥਰ ਦਿਲ ਸਿਪਾਹੀ ਜੋ ਯਿਸੂ ਦੀ ਮੌਤ ਵੇਲੇ ਉੱਥੇ ਸੀ ਉਸ ਨੂੰ ਬੇਕਸੂਰ ਮੰਨ ਸਕਦਾ ਸੀ ਤਾਂ, ਸਾਨੂੰ ਵੀ ਮੰਨਣਾ ਚਾਹੀਦਾ ਹੈ ਕਿ ਉਹ ਬੇਕਸੂਰ ਸੀ! ਯਿਸੂ ਦੇ ਨਾਲ ਸਲੀਬ ਤੇ ਚੜ੍ਹੇ ਦੋ ਡਾਕੂਆਂ ਵਿੱਚੋਂ ਇਕ ਨੇ ਮੰਨਿਆ ਕਿ ਉਹ ਬੇਕਸੂਰ ਸੀ: ''... ਉਹਨੇ ਕੋਈ ਔਗੁਣ ਨਹੀਂ ਕੀਤਾ'' (ਲੂਕਾ 23:41)। ਯਿਸੂ ਬਿਲਕੁਲ ਬੇਕਸੂਰ ਸੀ।

## ਇਹ ਇਕ ਨਿਸ਼ਪਾਪ ਆਦਮੀ ਦੀ ਮੌਤ ਸੀ

ਯਿਸੂ ਦੀ ਮੌਤ ਇਸ ਲਈ ਵੀ ਵੱਖਰੀ ਸੀ ਕਿਉਂਕਿ ਇਹ ਇਕ ਪਾਪ ਰਹਿਤ ਆਦਮੀ ਦੀ ਮੌਤ ਸੀ। ਯਿਸੂ ਨੇ ਉਹ ਜੁਰਮ ਨਹੀਂ ਕੀਤਾ ਸੀ ਜਿਹਦੇ ਲਈ ਉਹਨੂੰ ਸਲੀਬ ਦਿੱਤਾ ਗਿਆ ਸੀ। ਇਹ ਗੱਲ ਅਨੋਖੀ ਤਾਂ ਹੈ, ਪਰ ਨਿਰਾਲੀ ਨਹੀਂ। ਜੋ ਕੁਝ ਅਸੀਂ ਯਿਸੂ ਬਾਰੇ ਕਿਹਾ ਹੈ ਉਹ ਦੂਜਿਆਂ ਲਈ ਕਿਹਾ ਜਾ ਸਕਦਾ ਹੈ ਕਿ ਉਹ ਬੇਕਸੂਰ ਮਾਰਿਆ ਗਿਆ।

ਇਹ ਗੱਲ ਕਿਸੇ ਵੀ ਹੋਰ ਬੰਦੇ ਲਈ ਨਹੀਂ ਕਹਿ ਸਕਦੇ। ਸਿਰਫ਼ ਯਿਸੂ ਹੀ ਹੈ ਜਿਸਨੇ ਜ਼ਿੰਦਗੀ ਭਰ ਮਰਨ ਤੋੜੀ ਪਾਪ ਨਹੀਂ ਕੀਤਾ ਸੀ। ਉਸ ਨੇ ਸਲੀਬ ਤੇ ਚੜ੍ਹਾਏ ਜਾਣ ਵੇਲੇ ਹੀ ਨਹੀਂ ਬਲਕਿ ਜ਼ਿੰਦਗੀ ਭਰ ਕੋਈ ਅਪਰਾਧ ਨਹੀਂ ਕੀਤਾ।

ਇਬਰਾਨੀਆਂ ਦੀ ਕਿਤਾਬ ਦਾ ਲੇਖਕ ਕਹਿੰਦਾ ਹੈ ਕਿ ਯਿਸੂ ''ਸਾਰੀਆਂ ਗੱਲਾਂ ਵਿਚ ਸਾਡੇ ਵਾਂਗ ਪਰਤਾਇਆ ਗਿਆ ਪਰ ਉਹ ਪਾਪ ਤੋਂ ਰਹਿਤ ਰਿਹਾ'' (ਇਬਰਾਨੀਆਂ 4:15)। ਉਜਾੜ ਵਿਚ ਯਿਸੂ ਸ਼ੈਤਾਨ ਦੀਆਂ ਅਜ਼ਮਾਇਸ਼ਾਂ ਵਿਚ ਕਾਇਮ ਰਿਹਾ ਸੀ। ਪਰ ਉਹ ਕਹਾਣੀ ਦਾ ਅੰਤ ਨਹੀਂ ਸੀ। ਉਹ ਤਾਂ ''ਸਾਰੀਆਂ ਗੱਲਾਂ ਵਿਚ ਸਾਡੇ ਵਾਂਗ ਪਰਤਾਇਆ ਗਿਆ'' ਪਰ ਫਿਰ ਵੀ ਉਸਨੇ ਪਾਪ ਨਾ ਕੀਤਾ।

ਯਿਸੂ ਨੇ ਪੁੱਛਿਆ, ''ਕੌਣ ਤੁਹਾਡੇ ਵਿੱਚੋਂ ਮੇਰੇ ਉੱਤੇ ਗੁਨਾਹ ਸਾਬਤ ਕਰਦਾ ਹੈ?'' (ਯੂਹੰਨਾ 8:46)। ਨਾ ਤਾਂ ਉਦੋਂ ਉਸ ਨੂੰ ਕੋਈ ਪਾਪੀ ਠਹਿਰਾ ਸਕਿਆ ਸੀ ਅਤੇ ਨਾ ਅੱਜ ਠਹਿਰਾ ਸਕਦਾ ਹੈ। ਯਿਸੂ ਦੀ ਮੌਤ ਨਿਰਾਲੀ ਸੀ ਕਿਉਂਕਿ ਉਹ ਪਾਪ ਰਹਿਤ ਸੀ!

## ਇਹ ਪਹਿਲਾਂ ਤੋਂ ਦੱਸ ਦਿੱਤੀ ਗਈ ਸੀ

ਯਿਸੂ ਦੀ ਮੌਤ ਇਸ ਕਰਕੇ ਵੀ ਹਟ ਕੇ ਸੀ ਕਿਉਂਕਿ ਇਸ ਦਾ ਸੁਨੇਹਾ ਪਹਿਲਾਂ ਹੀ ਦੇ ਦਿੱਤਾ ਗਿਆ ਸੀ। ਉਸਨੇ ਆਪਣੀ ਹੀ ਮੌਤ ਨੂੰ ਪਹਿਲਾਂ ਤੋਂ ਵੇਖ ਕੇ ਦੱਸ ਦਿੱਤਾ ਸੀ। ਪਤਰਸ ਵੱਲੋਂ ਉਸਦਾ ਇਕਰਾਰ ਕਰਨ ਅਤੇ ਯਿਸੂ ਵੱਲੋਂ ਕਲੀਸੀਆ ਦੀ ਸੁਰੂਆਤ ਦੀ ਗੱਲ ਕਹਿਣ ਦੇ ਬਾਅਦ ''ਯਿਸੂ ਆਪਣੇ ਚੇਲਿਆਂ ਨੂੰ ਦੱਸਣ ਲੱਗਾ ਭਈ ਮੈਨੂੰ ਜ਼ਰੂਰ ਹੈ ਜੋ ਯਰੂਸ਼ਲਮ ਨੂੰ ਜਾਵਾਂ ... ਅਤੇ ਮਾਰ ਦਿੱਤਾ ਜਾਵਾਂ ਅਤੇ ਤੀਏ ਦਿਨ ਜੀ ਉੱਠਾਂ'' (ਮੱਤੀ 16:21)। ਉਦੋਂ ਤਕ ਕਿਸੇ ਨੇ ਵੀ ਯਿਸੂ ਲਈ ਮੌਤ ਦੀ ਸਜ਼ਾ ਦੀ ਮੰਗ ਨਹੀਂ ਕੀਤੀ ਸੀ। ਯਿਸੂ ਦੀ ਮਸ਼ਹੂਰੀ ਦੇ ਸਭ ਤੋਂ ਵੱਡੇ ਭਾਵ ਯਰੂਸ਼ਲਮ ਵਿਚ ਉਸ ਦੇ ਫ਼ਤਹਿਮੰਦ ਦਾਖਲੇ ਦੇ ਥੋੜ੍ਹੀ ਦੇਰ ਬਾਅਦ ਹੀ ਆਉਣ ਵਾਲੇ ਸਨ। ਪਰ ਉਸ ਨੂੰ ਪਤਾ ਸੀ ਅਤੇ ਉਸ ਨੇ ਆਪਣੇ ਚੇਲਿਆਂ ਨੂੰ ਦੱਸ ਦਿੱਤਾ ਸੀ ਕਿ ਉਹ ਮਾਰ ਦਿੱਤਾ ਜਾਵੇਗਾ।

ਅਸਲ ਵਿਚ ਉਸਦੀ ਮੌਤ ਦੀ ਖ਼ਬਰ ਬਹੁਤ ਪਹਿਲਾਂ ਦੇ ਦਿੱਤੀ ਗਈ ਸੀ। ਪੁਰਾਣੇ ਨੇਮ ਦੇ ਨਬੀਆਂ ਨੇ ਨਬੂਵਤ ਕੀਤੀ ਸੀ ਕਿ ਉਹ ਮਰੇਗਾ। ਉਦਾਹਰਣ ਵਜੋਂ ਯੂਹੰਨਾ ਨੇ ਦੱਸਿਆ ਕਿ ਸਿਪਾਹੀਆਂ ਵੱਲੋਂ ਯਿਸੂ ਦੇ ਕੱਪੜੇ ਵੰਡ ਲੈਣਾ (ਯੂਹੰਨਾ 19:24), ਯਿਸੂ ਵੱਲੋਂ ''ਮੈਂ ਪਿਆਸਾ ਹਾਂ'' ਕਹਿਣਾ (ਯੂਹੰਨਾ 19:28), ਸਿਪਾਹੀਆਂ ਵੱਲੋਂ ਉਸ ਦੀਆਂ ਲੱਤਾਂ ਨਾ ਤੋੜਨਾ (ਯੂਹੰਨਾ 19:36), ਅਤੇ ਉਸ ਦੀ ਪੱਸਲੀ ਦਾ ਵਿੰਨ੍ਹਿਆ ਜਾਣਾ (ਯੂਹੰਨਾ 19:37), ਸਭ ਪੁਰਾਣੇ ਨੇਮ ਦੀਆਂ ਗੱਲਾਂ ਦਾ ਪੂਰਾ ਹੋਣਾ ਹੀ ਸੀ।

ਨਵੇਂ ਨੇਮ ਵਿਚ ਖ਼ੁਦਾ ਦੀ ਪ੍ਰੇਰਣਾ ਪਾਏ ਪ੍ਰਚਾਰਕਾਂ ਨੇ ਧਿਆਨ ਦੁਆਇਆ ਕਿ ਯਿਸੂ ਦੀ ਮੌਤ ਬਾਈਬਲ ਦੀਆਂ ਗੱਲਾਂ ਦਾ ਪੂਰਾ ਹੋਣਾ ਹੀ ਸੀ। ਉਨ੍ਹਾਂ ਲਈ ਅਜਿਹਾ ਕਰਨਾ ਜ਼ਰੂਰੀ ਸੀ ਕਿਉਂਕਿ ਯਹੂਦੀਆਂ ਨਾਲ ਗੱਲਾਂ ਕਰਦਿਆਂ, ਉਨ੍ਹਾਂ ਲਈ ਇਹ ਸਾਬਤ ਕਰਨਾ ਜ਼ਰੂਰੀ ਸੀ ਕਿ ਯਿਸੂ ਹੀ ਸਲੀਬ ਦਿੱਤਾ ਗਿਆ ਮਸੀਹਾ ਸੀ। ਯਹੂਦੀ ਲੋਕ ਇਸ ਨੂੰ ਸਮਝ ਨਹੀਂ ਸਕੇ। ਮਸੀਹਾ ਬਾਰੇ ਉਨ੍ਹਾਂ ਦੀ ਧਾਰਣਾ ਰੋਮ ਦੀਆਂ ਫ਼ੌਜਾਂ ਦੇ ਖ਼ਿਲਾਫ਼ ਜੰਗ ਵਿਚ ਅਗਵਾਈ ਕਰਦਿਆਂ ਉਨ੍ਹਾਂ ਨੂੰ ਬਚਾਉਣ ਵਾਲੇ ਲਈ ਇਕ ਮਹਾਨ ਜੋਧੇ ਵਾਲੀ ਸੀ। ਸਲੀਬ ਉੱਤੇ ਮਸੀਹਾ ਦੀ ਮੌਤ ਉਨ੍ਹਾਂ ਦੀ ਸਮਝ ਤੋਂ ਬਾਹਰ ਸੀ, ਕਿਉਂਕਿ ਉਨ੍ਹਾਂ ਦਾ ਮੰਨਣਾ ਸੀ ਕਿ ਸਲੀਬ ਦਿੱਤੇ ਗਏ ਲੋਕ ਸਰਾਪਤ ਹੁੰਦੇ ਸਨ। ਇਸ ਕਰਕੇ ਪੌਲੁਸ ਨੇ ਪਿਸਿਦੀਆ ਦੇ ਅੰਤਾਕੀਆ ਵਿਚ ਯਹੂਦੀਆਂ ਨੂੰ ਆਖਿਆ ਕਿ ''ਯਰੂਸ਼ਲਮ ਦੇ ਰਹਿਣ ਵਾਲਿਆਂ ... ਨੇ ਉਹਨੂੰ ਅਤੇ ਨਬੀਆਂ ਦੇ ਵਚਨਾਂ ਨੂੰ ਨਾ ਜਾਣ ਕੇ ਡੰਨ ਦੇ ਯੋਗ ਠਹਿਰਾਉਣ ਨਾਲ ਉਨ੍ਹਾਂ ਨੂੰ ਪੂਰਿਆਂ ਕੀਤਾ'' (ਰਸੂਲਾਂ ਦੇ ਕੰਮ 13:27)। ਯਿਸੂ ਦਾ ਸਲੀਬ ਦਿੱਤਾ ਜਾਣਾ ਲਿਖਤ ਦੀਆਂ ਗੱਲਾਂ ਦਾ ਪੂਰਾ ਹੋਣਾ ਸੀ।

ਯਿਸੂ ਦੀ ਮੌਤ ਤੇ ਲਿਖਤ ਦੀਆਂ ਕਿਹੜੀਆਂ ਗੱਲਾਂ ਪੂਰੀਆਂ ਹੋਈਆਂ? ਪੁਰਾਣੇ ਨੇਮ ਦੇ ਹੀ ਇਕ ਅਧਿਆਇ ਜ਼ਬੂਰ 22 ਤੇ ਧਿਆਨ ਦਿਓ। ਸਲੀਬ ਤੇ ਯਿਸੂ ਨੇ ਆਖਿਆ, ''ਹੇ ਮੇਰੇ ਪਰਮੇਸ਼ੁਰ, ਹੇ ਮੇਰੇ ਪਰਮੇਸ਼ੁਰ, ਤੂੰ ਮੈਨੂੰ ਕਿਉਂ ਛੱਡ ਦਿੱਤਾ'' (ਆਇਤ 1)। ਫਿਰ ਉਹਨੇ ਮਸੀਹਾ ਦੇ ''ਆਦਮੀ ਦੀ ਨਮੋਸ਼ੀ ਅਤੇ ਲੋਕਾਂ ਵਿਚ ਤੁੱਛ'' ਉਹਦੇ ਠੱਠਿਆਂ ਵਿਚ ਉਡਾਏ ਜਾਣ, ਮਸੀਹਾ ਦੇ ਹੱਥ ਅਤੇ ਪੈਰ ਵਿੰਨ੍ਹੇ ਜਾਣ ਅਤੇ ਉਸ ਦੇ ਕੱਪੜਿਆਂ ਦੇ ਵੰਡੇ ਜਾਣ ਦੀ ਗੱਲ ਕੀਤੀ (ਆਇਤਾਂ 6–8, 16–18)। ਇਸ ਵਿਚ ਉਹ ਆਖ਼ਰੀ ਸ਼ਬਦ ਹਨ: ''ਉਹ ਮੇਰੇ ਕੱਪੜੇ ਆਪੋ ਵਿਚ ਵੰਡ ਲੈਂਦੇ ਹਨ, ਅਤੇ ਮੇਰੇ ਲਿਬਾਸ ਉੱਤੇ ਗੁਣਾ ਪਾਉਂਦੇ ਹਨ'' (ਆਇਤ 18)।

ਅਜਿਹੀਆਂ ਲਿਖਤਾਂ ਦਾ ਪੂਰਾ ਹੋਣਾ ਸਾਨੂੰ ਕੀ ਦੱਸਦਾ ਹੈ? ਇਹ ਵਿਖਾਉਣ ਤੋਂ ਇਲਾਵਾ ਕਿ ਯਿਸੂ ਦੀ ਮੌਤ ਬਾਰੇ ਪਹਿਲਾਂ ਹੀ ਦੱਸ ਦਿੱਤਾ ਗਿਆ ਸੀ, ਇਹ ਇਸ ਗੱਲ ਦਾ ਸਬੂਤ ਹੈ ਕਿ

ਬਾਈਬਲ ਖ਼ੁਦਾ ਦੀ ਪ੍ਰੇਰਣਾ ਨਾਲ ਦਿੱਤੀ ਗਈ ਕਿਤਾਬ ਹੈ ਅਤੇ ਯਿਸੂ ਖ਼ੁਦਾ ਦਾ ਪੁੱਤਰ ਹੈ। ਆਪਣੀ ਸਮਝ ਨਾਲ ਹੋਵੇ ਜਾਂ ਸ਼ਕਤੀ ਨਾਲ ਕੋਈ ਬੰਦਾ ਕਿਸੇ ਦੀ ਮੌਤ ਨੂੰ ਐਨਾ ਸਫ਼ਾਈ ਨਾਲ ਅਤੇ ਵਿਸਤਾਰ ਨਾਲ ਨਹੀਂ ਲਿਖ ਸਕਦਾ ਸੀ ਜਿੰਨਾਂ ਬਾਈਬਲ ਦੇ ਲੇਖਕਾਂ ਨੇ ਲਿਖਿਆ ਅਤੇ ਉਹ ਵੀ ਉਸ ਬੰਦੇ ਦੇ ਜਨਮ ਤੋਂ ਸੈਂਕੜੇ ਸਾਲ ਪਹਿਲਾਂ! ਤਾਂ ਫਿਰ ਇਨ੍ਹਾਂ ਨਬੀਆਂ ਨੇ ਇਹ ਸਭ ਕਿਵੇਂ ਕੀਤਾ? ਖ਼ੁਦਾ ਦੀ ਸ਼ਕਤੀ ਨਾਲ! ਉਨ੍ਹਾਂ ਨਬੂਵਤਾਂ ਦਾ ਪੂਰਾ ਹੋਣਾ ਸਬੂਤ ਹੈ ਕਿ ਯਿਸੂ ਹੀ ਖ਼ੁਦਾ ਦਾ ਭੇਜਿਆ ਹੋਇਆ ਉਹ ਮਸੀਹਾ ਸੀ, ਅਤੇ ਉਹ ਨਬੀ ਖ਼ੁਦਾ ਦੀ ਪ੍ਰੇਰਣਾ ਨਾਲ ਲਿਖਦੇ ਸਨ।

## ਇਸ ਦੀ ਯੋਜਨਾ ਬਣਾਈ ਗਈ

ਯਿਸੂ ਦੀ ਮੌਤ ਇਸ ਲਈ ਵੱਖਰੀ ਸੀ ਕਿਉਂਕਿ ਇਸ ਦੀ ਯੋਜਨਾ ਬਣਾਈ ਗਈ ਸੀ। ਉਹ ਨਿਰ੍ਹਾ ਭਲਾ ਮਾਨਸ ਹੀ ਨਹੀਂ ਸੀ ਜੋ ਕਾਨੂੰਨ ਦੇ ਹੱਥੇ ਚੜ੍ਹ ਗਿਆ। ਉਹਦੀ ਮੌਤ ਖ਼ੁਦਾ ਦੀ ਯੋਜਨਾ ਦੇ ਮੁਤਾਬਿਕ ਸੀ। ਜ਼ਿੰਦਗੀ ਭਰ ਸਲੀਬ ਹੀ ਉਸ ਦਾ ਪਰਛਾਵਾਂ ਰਿਹਾ ਉਹਦੇ ਆਪਣੇ ਜਨਮ ਤੋਂ ਮੌਤ ਦੇ ਦਿਨ ਤਕ, ਗੁਲਗੁਥਾ ਤੇ ਆਪਣੇ ਕੰਮ ਨੂੰ ਪੂਰਾ ਕਰਨ ਲਈ ਅਗਾਂਹ ਵਧ ਰਿਹਾ ਸੀ।

ਪੈਂਟੀਕਾਸਟ ਵਾਲੇ ਦਿਨ ਪਤਰਸ ਨੇ ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਨੇ ਯਿਸੂ ਨੂੰ ਸਲੀਬ ਦਿੱਤਾ ਸੀ, ਯਿਸੂ ਬਾਰੇ ਕਿਹਾ ਸੀ, ''ਉਸੇ ਨੂੰ ਜਦ ਪਰਮੇਸ਼ੁਰ ਦੀ ਠਹਿਰਾਈ ਹੋਈ ਮੱਤ ਅਤੇ ਅਗੰਮ ਗਿਆਨ ਦੇ ਅਨੁਸਾਰ ਹਵਾਲੇ ਕੀਤਾ ਗਿਆ, ਤੁਸਾਂ ਬੁਰਿਆਰਾਂ ਦੇ ਹੱਥੀਂ ਸਲੀਬ ਦੇ ਕੇ ਮਰਵਾ ਦਿੱਤਾ'' (ਰਸੂਲਾਂ ਦੇ ਕੰਮ 2:23)। ਯਿਸੂ ਨੂੰ ਖ਼ੁਦਾ ਦੀ ਠਹਿਰਾਈ ਹੋਈ ਯੋਜਨਾ ਅਤੇ ਪੂਰਵ ਗਿਆਨ ਦੇ ਮੁਤਾਬਿਕ ਸਲੀਬ ਦਿੱਤਾ ਗਿਆ ਸੀ। ਖ਼ੁਦਾ ਨੇ ਉਸਦੀ ਯੋਜਨਾ ਇਵੇਂ ਹੀ ਬਣਾਈ ਸੀ।

ਇਸ ਕਰਕੇ ਸਲੀਬ ਤੇ ਜੋ ਕੁਝ ਵੀ ਹੋਇਆ ਉਹ ਬਦਕਾਰਾਂ ਦੇ ਹੱਥ ਵਿਚ ਖ਼ੁਦਾ ਦੀਆਂ ਯੋਜਨਾਵਾਂ ਦਾ ਲੱਗਣਾ ਨਹੀਂ ਸੀ। ਬਲਕਿ ਇਹ ਤਾਂ ਉਵੇਂ ਹੀ ਹੋਇਆ ਜਿਵੇਂ ਖ਼ੁਦਾ ਦੀ ਯੋਜਨਾ ਸੀ। ਇਸ ਨਾਲ ਉਨ੍ਹਾਂ ਦਾ ਜੁਰਮ ਮੁੱਕ ਨਹੀਂ ਗਿਆ ਜਿਨ੍ਹਾਂ ਯਿਸੂ ਨੂੰ ਮਾਰਿਆ ਸੀ। ਭੀੜ ਵਿੱਚੋਂ ''ਉਸ ਨੂੰ ਸਲੀਬ ਦਿਓ, ਉਸ ਨੂੰ ਸਲੀਬ ਦਿਓ'' ਪੁਕਾਰਣ ਵਾਲੇ ਹਰ ਬੰਦੇ ਨੇ ਆਪਣੀ ਮਰਜ਼ੀ ਨਾਲ ਅਜਿਹਾ ਕੀਤਾ ਸੀ। ਸਭ ਨੇ ਯਿਸੂ ਨੂੰ ਸਲੀਬ ਤੇ ਚੜ੍ਹਾਉਣਾ ਆਪਣੀ ਮਰਜ਼ੀ ਨਾਲ ਚੁਣਿਆ ਸੀ, ਅਖ਼ੀਰ ਹਰ ਕੋਈ ਉਸ ਪਸੰਦ ਨੂੰ ਚੁਣਨ ਲਈ ਯਿਸੂ ਦੀ ਮੌਤ ਦਾ ਦੋਸ਼ੀ ਸੀ।

ਯਿਸੂ ਕਿਉਂ ਮਰਿਆ? ਉਹ ਇਸ ਲਈ ਮਰਿਆ ਕਿਉਂਕਿ ਉਸਦੀ ਮੌਤ ਦੀ ਯੋਜਨਾ ਬਣਾਈ ਗਈ ਸੀ। ਯਿਸੂ ਦੀ ਮੌਤ ਖੁਦਾ ਦੀ ਅਬਦੀ ਯੋਜਨਾ ਭਾਵ ਖ਼ੁਦਾ ਦੀ ਲਾਤਬਦੀਲ ਯੋਜਨਾ ਦਾ ਹਿੱਸਾ ਸੀ। ਇਸ ਕਰਕੇ ਉਹਦੀ ਮੌਤ ਸਭ ਤੋਂ ਨਿਰਾਲੀ ਸੀ।

## ਇਸ ਦੇ ਆਲੇ ਦੁਆਲੇ ਦੀਆਂ ਘਟਨਾਵਾਂ

ਯਿਸੂ ਦੀ ਮੌਤ ਉਸਦੇ ਸਲੀਬ ਦਿੱਤੇ ਜਾਣ ਸਮੇਂ ਦੀਆਂ ਘਟਨਾਵਾਂ ਨਾਲੋਂ ਅੱਡ ਸੀ। ਮੱਤੀ 27 ਅਧਿਆਇ ਵਿਚ ਚਾਰ ਮੋਅਜਜ਼ਿਆਂ ਦਾ ਜ਼ਿਕਰ ਹੈ: ਤਿੰਨ ਘੰਟਿਆਂ ਤਕ ਇਕ ਅਲੌਕਿਕ ਹਨੇਰਾ (ਆਇਤ 45), ਉੱਪਰੋਂ ਲੈ ਕੇ ਹੇਠਾਂ ਤਕ ਹੈਕਲ ਦੇ ਪਰਦੇ ਦਾ ਪਾਟ ਜਾਣਾ (ਆਇਤ 51), ਭੁਚਾਲ ਆਉਣਾ (ਆਇਤ 51), ਯਿਸੂ ਦੇ ਜੀ ਉੱਠਣ ਦੇ ਬਾਅਦ ਸੰਤਾਂ ਦੀਆਂ ਲਾਸ਼ਾਂ ਜ਼ਿੰਦਾ ਕੀਤੀਆਂ ਜਾਣਾ (ਆਇਤਾਂ 52, 53)।

ਇਨ੍ਹਾਂ ਗੱਲਾਂ ਤੋਂ ਪਤਾ ਲਗਦਾ ਹੈ ਕਿ ਸਲੀਬ ਤੇ ਨਿਰਾਲੀ ਗੱਲ ਹੋਈ ਸੀ ਜਿਨ੍ਹਾਂ ਨੂੰ ਅਲੌਕਿਕ ਕਿਹਾ ਜਾਂਦਾ ਹੈ। ਇਸ ਵਿਚ ਇਸ ਗੱਲ ਦਾ ਐਲਾਨ ਹੈ ਕਿ ਇਹ ਸਭ ਖ਼ੁਦਾ ਵੱਲੋਂ ਹੋਇਆ ਸੀ! ਯਿਸੂ ਦੇ ਸਲੀਬ ਚੜ੍ਹਾਏ ਜਾਣ ਵਿਚ ਖ਼ੁਦਾ ਦੀ ਯੋਜਨਾ ਸੀ! ਮਨੁੱਖ ਸੂਰਜ ਨੂੰ ਹਨੇਰਾ ਨਹੀਂ ਕਰ ਸਕਦਾ ਪਰ ਖ਼ੁਦਾ ਕਰ ਸਕਦਾ ਹੈ, ਅਤੇ ਉਸ ਨੇ ਕੀਤਾ। ਖ਼ੁਦਾ ਨੇ ਹੇਠਾਂ ਤੋਂ ਉੱਪਰ ਤਕ ਨਹੀਂ ਬਲਕਿ ਉੱਪਰ ਤੋਂ

ਹੇਠਾਂ ਤਕ ਹੈਕਲ ਦੇ ਪਰਦੇ ਦੇ ਦੋ ਭਾਗ ਕੀਤੇ ਤਾਂ ਜੋ ਕੋਈ ਸ਼ੱਕ ਨਾ ਰਹੇ ਕਿ ਇਹ ਕਿਸ ਨੇ ਕੀਤਾ ਹੈ। ਮਨੁੱਖ ਭੁਚਾਲ ਨਹੀਂ ਲਿਆ ਸਕਦਾ ਪਰ ਖ਼ੁਦਾ ਲਿਆ ਸਕਦਾ ਹੈ ਅਤੇ ਉਹਨੇ ਲਿਆਂਦਾ। ਮਨੁੱਖ ਮੁਰਦਿਆਂ ਨੂੰ ਜ਼ਿੰਦਾ ਨਹੀਂ ਕਰ ਸਕਦਾ ਅਤੇ ਉਸਨੇ ਮੁਰਦੇ ਜ਼ਿੰਦਾ ਕੀਤੇ ਵੀ ਨਹੀਂ। ਸਲੀਬ ਉੱਤੇ ਇਤਿਹਾਸ ਦੀ ਸਭ ਤੋਂ ਨਿਰਾਲੀ ਗੱਲ ਹੋਈ ਕਿ ਖ਼ੁਦਾ ਦਾ ਪੁੱਤਰ ਮਰਿਆ ਸੀ। ਇਹ ਅਨੋਖੀਆਂ ਘਟਨਾਵਾਂ ਇਸ ਤੱਥ ਦੀ ਤਸਦੀਕ ਕਰਦੀਆਂ ਸਨ।

ਹੈਰਾਨੀ ਦੀ ਗੱਲ ਨਹੀਂ ਹੈ ਕਿ ਸੂਬੇਦਾਰ ''ਸਾਰੀ ਵਾਰਤਾ ਵੇਖ ਕੇ ਬਹੁਤ ਡਰੇ ਅਤੇ ਬੋਲੇ, ਇਹ ਸਚਮੁਚ ਪਰਮੇਸ਼ੁਰ ਦਾ ਪੁੱਤਰ ਸੀ'' (ਮੱਤੀ 27:54)।

## ਇਹ ਮੌਤ ਦੂਜਿਆਂ ਲਈ ਸੀ

ਯਿਸੂ ਦੀ ਮੌਤ ਇਸ ਲਈ ਨਿਰਾਲੀ ਸੀ ਕਿਉਂਕਿ ਇਹ ਦੂਜਿਆਂ ਦੀ ਖ਼ਾਤਿਰ ਸੀ, ਕਿਉਂਕਿ ਜੇ ਉਸਦੀ ਮੌਤ ਪਹਿਲਾਂ ਦੱਸ ਦਿੱਤੀ ਗਈ ਯੋਜਨਾ ਸੀ ਅਤੇ ਖ਼ੁਦਾ ਵੱਲੋਂ ਸੀ ਤਾਂ ਇਸ ਨਾਲ ਖ਼ੁਦਾ ਦਾ ਕਿਹੜਾ ਮਕਸਦ ਪੂਰਾ ਹੋਇਆ? ਸਭ ਤੋਂ ਵੱਡੀ ਦਿੱਕਤ ਇਹ ਹੈ ਕਿ ਜੇ ਯਿਸੂ ਬੇਕਸੂਰ ਸੀ, ਤਾਂ ਖ਼ੁਦਾ ਦੀ ਯੋਜਨਾ ਵਿਚ ਉਹਦੇ ਲਈ ਮਰਨਾ ਕਿਉਂ ਜ਼ਰੂਰੀ ਸੀ?

ਯਿਸੂ ਆਪਣੇ ਲਈ ਨਹੀਂ ਮਰਿਆ, ਕਿਉਂਕਿ ਉਹ ਨਿਹਕਲੰਕ ਅਤੇ ਪਾਪ ਰਹਿਤ ਸੀ। ਬਲਕਿ ਉਹ ਦੂਜਿਆਂ ਲਈ ਮਰਿਆ। ਜੇ ਦੂਜਿਆ ਨੂੰ ਬਚਾਉਣਾ ਸੀ ਤਾਂ ਦੂਜਿਆਂ ਵਾਸਤੇ ਉਹਦਾ ਮਰਨਾ ਜ਼ਰੂਰੀ ਸੀ।

ਨਵਾਂ ਨੇਮ ਜ਼ੋਰ ਦੇ ਕੇ ਦੱਸਦਾ ਹੈ ਕਿ ਮਸੀਹ ਦੂਜਿਆਂ ਲਈ ਮਰਿਆ। ਯਿਸੂ ਨੇ ਕਿਹਾ, ''ਕਿਉਂ ਜੋ ਨੇਮ ਦਾ ਇਹ ਮੇਰਾ ਉਹ ਲਹੂ ਹੈ ਜਿਹੜਾ ਬਹੁਤਿਆਂ ਦੀ ਖ਼ਾਤਰ ਪਾਪਾਂ ਦੀ ਮਾਫ਼ੀ ਲਈ ਵਹਾਇਆ ਜਾਂਦਾ ਹੈ'' (ਮੱਤੀ 26:28)। ਪੌਲੁਸ ਨੇ ਲਿਖਿਆ, ''ਜਾਂ ਅਸੀਂ ਅਜੇ ਪਾਪੀ ਹੀ ਸਾਂ ਤਾਂ ਮਸੀਹ ਸਾਡੇ ਲਈ ਮੋਇਆ'' (ਰੋਮੀਆਂ 5:8)। ਪੌਲੁਸ ਦੇ ਮੁਤਾਬਿਕ ਇੰਜੀਲ ਵਿਚ ਇਹ ਤੱਥ ਸ਼ਾਮਿਲ ਹੈ ਕਿ ''ਯਿਸੂ ਮਸੀਹ ਸਾਡੇ ਪਾਪਾਂ ਲਈ ਮਰਿਆ'' (1 ਕੁਰਿੰਥੀਆਂ 15:3)। ਇਬਰਾਨੀਆਂ ਦੇ ਲੇਖਕ ਦੇ ਮੁਤਾਬਿਕ ਮਸੀਹ ਇਸ ਲਈ ਦੇਹਧਾਰੀ ਹੋਇਆ ਕਿ ''ਉਹ ਪਰਮੇਸ਼ੁਰ ਨਾਲ ਹਰੇਕ ਮਨੁੱਖ ਲਈ ਮੌਤ ਦਾ ਸੁਆਦ ਚੱਖੇ'' (ਇਬਰਾਨੀਆਂ 2:9)।

ਪੁਰਾਣੇ ਨੇਮ ਵਿਚ ਯਸਾਯਾਹ 53 ਇਸ ਖੁਸ਼ਖ਼ਬਰੀ ਦਾ ਐਲਾਨ ਕਰਦਾ ਹੈ ਕਿ ਇਸ ਦੀਆਂ 4 ਤੋਂ 6 ਆਇਤਾਂ ਵਿਚ ਕਿਹਾ ਗਿਆ ਹੈ:

> ਸਚਮੁਚ ਉਸ ਨੇ ਸਾਡੇ ਗ਼ਮ ਚੁੱਕ ਲਏ, ਅਤੇ ਸਾਡੇ ਦੁੱਖ ਉਠਾਏ, ... ਪਰ ਉਹ ਸਾਡੇ ਅਪਰਾਧਾਂ ਲਈ ਘਾਇਲ ਕੀਤਾ ਗਿਆ, ਸਾਡੀਆਂ ਬਦੀਆਂ ਦੇ ਕਾਰਣ ਕੁਚਲਿਆ ਗਿਆ, ਸਾਡੀ ਸ਼ਾਂਤੀ ਲਈ ਉਸ ਉੱਤੇ ਤਾੜਨਾ ਹੋਈ, ਅਤੇ ਉਸ ਦੇ ਮਾਰ ਖਾਣ ਤੋਂ ਅਸੀਂ ਨਰੋਏ ਕੀਤੇ ਗਏ। ... ਅਤੇ ਯਹੋਵਾਹ ਨੇ ਸਾਡੇ ਸਾਰਿਆਂ ਦੀ ਬਦੀ ਉਸ ਉੱਤੇ ਲੱਦੀ।

ਯਿਸੂ ਦੂਜਿਆਂ ਵਾਸਤੇ ਮਰਿਆ। ਇਹਦਾ ਕੀ ਮਤਲਬ ਹੈ? ਯਿਸੂ ਨੇ ਦੂਜਿਆਂ ਦੇ ਪਾਪ ਆਪਣੇ ਉੱਤੇ ਲੈ ਲਏ ਅਤੇ ਉਨ੍ਹਾਂ ਦੇ ਪਾਪਾਂ ਦੀ ਸਜ਼ਾ ਆਪ ਚੁੱਕ ਲਈ। ਪੌਲੁਸ ਨੇ ਕਿਹਾ:

> ... ਪਰਮੇਸ਼ੁਰ ਮਸੀਹ ਵਿਚ ਹੋ ਕੇ ਜਗਤ ਨੂੰ ਆਪਣੇ ਨਾਲ ਮਿਲਾ ਰਿਹਾ ਸੀ ਅਤੇ ਉਨ੍ਹਾਂ ਦੇ ਅਪਰਾਧਾਂ ਦਾ ਲੇਖਾ ਨਹੀਂ ਸੀ ਕਰਦਾ ਅਤੇ ਉਸ ਨੇ ਮੇਲ ਮਿਲਾਪ ਦਾ ਵਚਨ ਸਾਨੂੰ ਸੌਂਪ ਦਿੱਤਾ। ... ਉਸ ਨੇ ਉਸ ਨੂੰ ਜਿਹੜਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖ਼ਾਤਰ ਪਾਪ ਠਹਿਰਾਇਆ ਤਾਂ ਜੋ ਅਸੀਂ ਉਸ ਵਿਚ ਹੋ ਕੇ ਪਰਮੇਸ਼ੁਰ ਦਾ ਧਰਮ ਬਣੀਏ (2 ਕੁਰਿੰਥੀਆਂ 5:19, 21)।

ਸਲੀਬ ਤੇ ਮਰਨ ਵੇਲੇ ਮਸੀਹ ਪਾਪ ਬਣ ਗਿਆ। ਉਸਨੇ ਸਾਡੇ ਲਈ ਨਰਕ ਦੀਆਂ ਤਕਲੀਫ਼ਾਂ ਝੱਲਦਿਆਂ ਮੇਰੇ ਅਤੇ ਤੁਹਾਡੇ ਪਾਪਾਂ ਦੀ ਸਜ਼ਾ ਚੁੱਕੀ। ਨਰਕ ਉਹ ਥਾਂ ਹੈ ਜਿੱਥੇ ਖ਼ੁਦਾ ਤੋਂ ਅੱਡ ਕੀਤੇ ਹੋਏ ਲੋਕ ਹਮੇਸ਼ਾ ਤਕ ਰਹਿੰਦੇ ਹਨ (2 ਥੱਸਲੁਨੀਕੀਆਂ 1:9)। ਮੌਤ ਵੇਲੇ ਯਿਸੂ ਨੂੰ ਉਸ ਤੋਂ ਅੱਡ ਕਰ ਦਿੱਤਾ ਗਿਆ ਸੀ ਜਿਸ ਕਰਕੇ ਉਸ ਨੇ ਪੁਕਾਰ ਕੇ ਆਖਿਆ ਸੀ, ''ਹੇ ਮੇਰੇ ਪਰਮੇਸ਼ੁਰ, ਹੇ ਮੇਰੇ ਪਰਮੇਸ਼ੁਰ, ਤੈਂ ਮੈਨੂੰ ਕਿਉਂ ਛੱਡ ਦਿੱਤਾ?'' (ਮੱਤੀ 27:46)।

ਸਲੀਬ ਉੱਤੇ ਖ਼ੁਦਾ ਨੇ ਉਸ ਨੂੰ ਕਿਉਂ ਛੱਡ ਦਿੱਤਾ ਸੀ। ਕਿਉਂਕਿ ਯਿਸੂ ਉਸ ਸਮੇਂ ਪਾਪ ਬਣ ਗਿਆ ਸੀ। ਕਿਉਂਕਿ ਸਾਡੇ ਸਭ ਪਾਪਾਂ ਦਾ ਇਲਜ਼ਾਮ ਉਸ ਨੇ ਆਪਣੇ ਉੱਪਰ ਲੈ ਲਿਆ ਸੀ। ਖ਼ੁਦਾ ਜੋ ਹਰ ਹਾਲ ਵਿਚ ਪਵਿੱਤਰ ਹੈ, ਪਾਪ ਨੂੰ ਆਪਣੇ ਸਾਮ੍ਹਣੇ ਆਉਣ ਦੀ ਇਜਾਜ਼ਤ ਨਹੀਂ ਦਿੰਦਾ ਜਿਸ ਕਰਕੇ ਖ਼ੁਦਾ ਲਈ ਸਲੀਬ ਉੱਤੇ ਯਿਸੂ ਤੋਂ ਮੂੰਹ ਮੋੜਨਾ ਜ਼ਰੂਰੀ ਸੀ, ਕਿਉਂਕਿ ਉਹ ਮਸੀਹਾ ਤਾਂ ਪਾਪ ਦਾ ਰੂਪ ਬਣਿਆ ਹੋਇਆ ਸੀ। ਉਸ ਨੇ ਆਪਣੇ ਆਪ ਨੂੰ ਮਸੀਹ ਤੋਂ ਉਵੇਂ ਹੀ ਅੱਡ ਕਰ ਦਿੱਤਾ ਸੀ ਜਿਵੇਂ ਛੁਟਕਾਰਾ ਨਾ ਪਾਏ ਹੋਏ ਪਾਪੀ ਹਮੇਸ਼ਾ ਲਈ ਉਸ ਤੋਂ ਵੱਖ ਹੋਣਗੇ।

ਯਿਸੂ ਨੇ ਨਰਕ ਵਾਲੀਆਂ ਤਕਲੀਫ਼ਾਂ ਝੱਲੀਆਂ ਕਿਉਂਕਿ ਉਸ ਨੇ ਉਸ ਸਜ਼ਾ ਨੂੰ ਜਿਹੜੀ ਪਾਪ ਵਾਸਤੇ ਮਿਲਣੀ ਜ਼ਰੂਰੀ ਸੀ, ਆਪਣੇ ਉੱਤੇ ਲੈ ਲਿਆ। ਉਸ ਨੇ ਸਾਡੇ ਪਾਪਾਂ ਦੇ ਕਾਰਣ ਮਿਲਣ ਵਾਲੀ ਸਜ਼ਾ ਚੁੱਕਦੇ ਹੋਏ, ਭਾਵ ਉਹ ਸਜ਼ਾ ਝੱਲਦੇ ਹੋਏ ਪਾਪ ਕਰਕੇ ਮਿਲਣੀ ਜ਼ਰੂਰੀ ਸੀ, ਪੁਕਾਰ ਕੇ ਆਖਿਆ, ''ਪੂਰਾ ਹੋਇਆ ਹੈ'' ਅਤੇ ਪ੍ਰਾਣ ਤਿਆਗ ਦਿੱਤੇ।

ਯਿਸੂ ਸਲੀਬ ਤੇ ਕਿਉਂ ਚੜ੍ਹਿਆ? ਉਹ ਦੁੱਖ ਝੱਲਣ ਲਈ ਮੇਰੀ ਅਤੇ ਤੁਹਾਡੀ ਥਾਂ ਲੈ ਰਿਹਾ ਸੀ। ਕਿਉਂਕਿ ਸਾਡੇ ਪਾਪਾਂ ਦਾ ਇਲਜ਼ਾਮ ਆਪਣੇ ਉੱਤੇ ਲੈ ਕੇ ਉਸ ਦੇ ਮਰਨ ਨਾਲ ਅਸੀਂ ਬਚਾਏ ਜਾ ਸਕਦੇ ਸਾਂ। ਉਸ ਨੇ ਸਾਡੇ ਪਾਪਾਂ ਦੀ ਸਜ਼ਾ ਚੁੱਕ ਲਈ ਹੈ ਇਸ ਕਰਕੇ ਸਾਨੂੰ ਸਜ਼ਾ ਚੁੱਕਣ ਦੀ ਲੋੜ ਨਹੀਂ ਹੈ। ਉਸ ਨੇ ਨਰਕ ਦੀ ਸਜ਼ਾ ਝੱਲ ਲਈ ਹੈ ਇਸ ਕਰਕੇ ਸਾਨੂੰ ਨਰਕ ਵਿਚ ਜਾਣ ਦੀ ਲੋੜ ਨਹੀਂ ਹੈ।

ਮਨੁੱਖੀ ਇਤਿਹਾਸ ਵਿਚ ਇਕ ਬੰਦੇ ਦੀ ਮੌਤ ਦੂਜਿਆਂ ਦੇ ਜਿਸਮਾਨੀ ਛੁਟਕਾਰੇ ਦਾ ਕਾਰਣ ਬਣਦੀ ਰਹੀ ਹੈ। ਪਰ ਸਭ ਲੋਕਾਂ ਦੇ ਪਾਪਾਂ ਨੂੰ ਸਿਰਫ਼ ਯਿਸੂ ਭਾਵ ਦੇਹਧਾਰੀ ਹੋਇਆ ਖ਼ੁਦਾ ਹੀ, ਆਪਣੇ ਉੱਤੇ ਲੈ ਸਕਦਾ ਸੀ। ਉਨ੍ਹਾਂ ਦੇ ਪਾਪਾਂ ਦੀ ਸਜ਼ਾ ਚੁੱਕ ਸਕਦਾ ਹੈ। ਸਭ ਲਈ ਰੂਹਾਨੀ ਛੁਟਕਾਰੇ ਦਾ ਮੌਕਾ ਸਿਰਫ਼ ਮਸੀਹ ਦੀ ਮੌਤ ਨਾਲ ਮਿਲ ਸਕਦਾ ਸੀ।

## ਇਸ ਦੇ ਬਾਅਦ ਇਕ ਜੀ ਉੱਠਣਾ ਹੋਇਆ ਸੀ

ਯਿਸੂ ਦੀ ਮੌਤ ਇਸ ਕਰਕੇ ਫ਼ਰਕ ਸੀ ਕਿਉਂਕਿ ਇਹਦੇ ਬਾਅਦ ਇਕ ਜੀ ਉੱਠਣਾ ਹੋਇਆ ਸੀ। ਹਫ਼ਤੇ ਦੇ ਪਹਿਲੇ ਦਿਨ, ਫ਼ਰਿਸ਼ਤੇ ਨੇ ਉਸ ਪੱਥਰ ਨੂੰ ਹਟਾ ਦਿੱਤਾ ਸੀ ਜਿਸ ਨਾਲ ਕਬਰ ਉੱਤੇ ਮੋਹਰ ਲਾਈ ਗਈ ਸੀ ਅਤੇ ਯਿਸੂ ਹੁਣ ਮੁਰਦਿਆਂ ਵਿੱਚੋਂ ਜੀ ਉੱਠਿਆ ਸੀ। ਕਬਰ ਤੇ ਆਉਣ ਵਾਲੀਆਂ ਔਰਤਾਂ ਨੂੰ ਉਸ ਫ਼ਰਿਸ਼ਤੇ ਨੇ ਆਖਿਆ, ''ਤੁਸੀਂ ਨਾ ਡਰੋ ਕਿਉਂਕਿ ਮੈਂ ਜਾਣਦਾ ਹਾਂ ਜੋ ਤੁਸੀਂ ਯਿਸੂ ਨੂੰ ਜਿਹੜਾ ਸਲੀਬ ਉੱਤੇ ਚੜ੍ਹਾਇਆ ਗਿਆ ਸੀ ਭਾਲਦੀਆਂ ਹੋ। ਉਹ ਐਥੇ ਹੈ ਨਹੀਂ ਕਿਉਂਕਿ ਜਿਵੇਂ ਉਸਨੇ ਕਿਹਾ ਸੀ ਉਹ ਜੀ ਉੱਠਿਆ ਹੈ'' (ਮੱਤੀ 28:5, 6)। ਯਿਸੂ ਮੁਰਦਿਆਂ ਵਿੱਚੋਂ ਜੀ ਉੱਠਿਆ ਸੀ, ਇਸ ਅਰਥ ਵਿਚ ਉਹਦੀ ਮੌਤ ਸਭ ਤੋਂ ਨਿਰਾਲੀ ਸੀ।

ਯਿਸੂ ਮੁਰਦਿਆਂ ਵਿੱਚੋਂ ਜੀ ਉੱਠਿਆ ਤਾਂ ਜੋ ਉਹ ਮੌਤ ਉੱਤੇ ਫ਼ਤਹਿ ਪਾ ਸਕੇ। ਜੇ ਉਹ ਮਰਿਆ ਹੀ ਰਹਿੰਦਾ ਤਾਂ ਫ਼ਤਹਿ ਮੌਤ ਦੀ ਹੋ ਜਾਣੀ ਸੀ। ਪਰ ਮਸੀਹ ਮੁਰਦਿਆਂ ਵਿੱਚੋਂ ਜੀ ਉੱਠਿਆ ਸੀ। ਇਸ ਕਰਕੇ ਉਸ ਨੇ ਮੌਤ ਉੱਤੇ ਫ਼ਤਹਿ ਪਾ ਲਈ ਸੀ।

ਇਸ ਫ਼ਤਹਿ ਦੇ ਰਾਹੀਂ ਉਹ ''ਪਵਿੱਤਰਤਾਈ ਦੇ ਆਤਮਾ ਦੇ ਸਰਬੰਧ ਕਰਕੇ ਅਤੇ ਮੁਰਦਿਆਂ ਵਿੱਚੋਂ ਜੀ ਉੱਠਣ ਤੋਂ ਸਮਰਥਾ ਨਾਲ ਪਰਮੇਸ਼ੁਰ ਦਾ ਪੁੱਤਰ ਸਾਡਾ ਪ੍ਰਭੂ ਯਿਸੂ ਮਸੀਹ ਮਿਥਿਆ

ਗਿਆ'' (ਰੋਮੀਆਂ 1:4)। ਜੀ ਉੱਠਣਾ ਮਸੀਹ ਦੇ ਇਲਾਹੀ ਹੋਣ ਦਾ ਜ਼ਬਰਦਸਤ ਪ੍ਰਦਰਸ਼ਨ ਹੈ। ਇਹ ਇਸ ਗੱਲ ਨੂੰ ਸਾਬਤ ਕਰਦਾ ਹੈ ਕਿ ਉਹ ਉਹੀ ਹੈ ਜੋ ਹੋਣ ਦਾ ਉਸ ਨੇ ਦਾਅਵਾ ਕੀਤਾ ਸੀ, ਭਾਵ ਖ਼ੁਦਾ ਦਾ ਬੇਟਾ।

ਖ਼ੁਦਾ ਦਾ ਪੁੱਤਰ ਹੋਣ ਕਰਕੇ ਸਲੀਬ ਉੱਤੇ ਉਹ ਦੀ ਕੁਰਬਾਨੀ ਲਾਹੇਵੰਦ ਹੁੰਦੀ ਹੈ। ਇਹ ਤਾਂ ਇਵੇਂ ਹੈ ਜਿਵੇਂ ਮਸੀਹ ਨੇ ਆਪਣੀ ਮੌਤ ਦੇ ਰਾਹੀਂ ਤੁਹਾਡੇ ਨਾਂਅ ਦਾ ਚੈੱਕ ਕੱਟਿਆ ਹੋਵੇ। ਇਹ ਤੁਹਾਡੇ ਹੀ ਨਾਂਅ ਕੱਟਿਆ ਗਿਆ ਹੈ। ਇਹ ਚੈੱਕ ਕਿੰਨੇ ਦਾ ਹੈ? ਇਹ ਮੁਕਤੀ ਭਾਵ ਹਮੇਸ਼ਾ ਦੀ ਜ਼ਿੰਦਗੀ ਲਈ ਕੱਟਿਆ ਗਿਆ ਹੈ ਜਿਸ ਨੂੰ ਦੇਣ ਦਾ ਉਸ ਨੇ ਵਾਅਦਾ ਕੀਤਾ ਹੈ। ਇਸ ਉੱਤੇ ਦਸਤਖ਼ਤ ਵੀ ਮਸੀਹ ਦੇ ਹੀ ਹਨ। ਪਰ ਜੀ ਉੱਠਣ ਨਾਲ ਇਸ ਚੈੱਕ ਦੀ ਤਸਦੀਕ ਹੋ ਜਾਂਦੀ ਹੈ। ਖ਼ੁਦਾ ਵੱਲੋਂ ਗਰੰਟੀ ਦਿੱਤੀ ਜਾਂਦੀ ਹੈ ਕਿ ਇਹ ਚੈਕ ਸਹੀ ਹੈ। ਇਸ ਕਰਕੇ ਅਸੀਂ ਆਪਣੇ ਬਚਾਏ ਜਾਣ ਬਾਰੇ ਵੀ ਯਕੀਨ ਜਾਣ ਸਕਦੇ ਹਾਂ। ਅਸੀਂ ਇਸ ਕਰਕੇ ਦਲੇਰ ਹੋ ਸਕਦੇ ਹਾਂ ਕਿਉਂਕਿ ਮਸੀਹ ਸਾਡੇ ਲਈ ਮਰਿਆ ਅਤੇ ਇਸ ਕਰਕੇ ਵੀ ਯਕੀਨ ਜਾਣ ਸਕਦੇ ਹਾਂ ਕਿ ਉਹ ਜੋ ਮਾਰਿਆ ਗਿਆ ਸੀ, ਮੁਰਦਿਆ ਵਿੱਚੋਂ ਜੀ ਉੱਠਿਆ ਅਤੇ ਸਾਡਾ ਮੁਕਤੀਦਾਤਾ ਹੈ।

## ਸਾਰ

ਤਾਂ, ਫਿਰ, ਯਿਸੂ ਇਕ ਆਮ ਮੁਜਰਮ ਵਾਂਗ ਕਿਉਂ ਮਰਿਆ? ਦੂਜੇ ਹਜ਼ਾਰਾਂ ਲੋਕਾਂ ਵਾਂਗ ਹੋਣ ਦੇ ਬਾਵਜੂਦ ਉਸ ਦੀ ਮੌਤ ਸਭ ਤੋਂ ਨਿਰਾਲੀ ਸੀ।

ਯਿਸੂ ਸਭ ਤੋਂ ਨਿਰਾਲੀ ਮੌਤ ਕਿਉਂ ਮਰਿਆ? ਇੰਜੀਲ ਦੀ ਚੰਗੀ ਖਬਰ ਇਹੈ ਕਿ ਉਹ ਮਰਿਆ ਤਾਂ ਜੋ ਉਸ ਦੀ ਜ਼ਿੰਦਗੀ, ਉਸ ਦੀ ਮੌਤ ਅਤੇ ਉਸ ਦੇ ਜੀ ਉੱਠਣ ਦੇ ਰਾਹੀਂ ਅਸੀਂ ਬਚਾਏ ਜਾ ਸਕੀਏ।

ਇੰਜੀਲ ਦੇ ਨਾਲ ਬੁਰੀ ਖ਼ਬਰ ਵੀ ਜੁੜੀ ਹੋਈ ਹੈ। ਪਾਪ ਹਕੀਕਤ ਹੈ ਅਤੇ ਉਹ ਪਾਪ ਤੁਹਾਨੂੰ ਦੋਸ਼ੀ ਠਹਿਰਾਵੇਗਾ। ਜਿਹਡੇ ਲੋਕ ਪਾਪ ਕਰਦੇ ਹਨ ਅਤੇ ਮਸੀਹ ਵੱਲੋਂ ਪੇਸ਼ ਕੀਤੀ ਗਈ ਮੁਕਤੀ ਤੋਂ ਇਨਕਾਰ ਕਰਦੇ ਹਨ ਉਹ ਹਮੇਸ਼ਾ ਲਈ ਨਾਸ਼ ਹੋਣਗੇ। ਇਕ ਦਿਨ ਨਿਆਂ (ਕਿਆਮਤ) ਹੋਣ ਵਾਲਾ ਹੈ ਅਤੇ ਸਾਡਾ ਸਭ ਦਾ ਨਿਆਂ ਹੋਵੇਗਾ। ਨਿਆਂ ਦੇ ਬਾਅਦ ਸੁਰਗ ਹੋਵੇਗਾ ਜਾਂ ਫਿਰ ਨਰਕ, ਅਤੇ ਇਹ ਹਮੇਸ਼ਾ ਤਕ ਰਹੇਗਾ। ਜਦ ਤਕ ਤੁਸੀਂ ਉਸਦੀ ਮੌਤ ਦੇ ਰਾਹੀਂ ਬਚਾਏ ਨਹੀਂ ਜਾਂਦੇ ਤਦ ਤਕ ਇਨ੍ਹਾਂ ਤੱਥਾਂ ਵਿਚ ਤੁਹਾਨੂੰ ਕੋਈ ਤਸੱਲੀ ਜਾਂ ਦਿਲਾਸਾ ਨਹੀਂ ਹੈ।

ਬੇਸ਼ੱਕ ਪਾਪ ਦੇ ਤੱਥਾਂ, ਨਿਆਂ ਅਤੇ ਨਰਕ ਤੋਂ ਤੁਹਾਨੂੰ ਖੌਫ਼ਜ਼ਦਾ ਹੋਣ ਦੀ ਲੋੜ ਨਹੀਂ ਹੈ। ਮਸੀਹ ਪਾਪ ਦੀ ਸਜ਼ਾ ਨਾਲ ਜੁੜੇ ਉਸ ਖ਼ੌਫ਼ ਨੂੰ ਕੱਢਣ ਲਈ ਹੀ ਮਰਿਆ। ਤੁਸੀਂ ਉਸ ਦੀ ਮੌਤ ਦੇ ਰਾਹੀਂ ਬਚਾਏ ਜਾ ਕੇ ਪਾਪ ਦੀ ਸਜ਼ਾ ਤੋਂ ਛੁੱਟ ਸਕਦੇ ਹੋ।

---

ਟਿੱਪਣੀਆਂ

[1]ਬਰਟਨ ਕਾਫ਼ਮੈਨ, ਕਮੈਂਟਰੀ ਆਨ ਮੈਥਿਊ (ਆਸਟਿਨ, ਟੈਕਸਸ: ਫ਼ਰਮ ਫ਼ਾਊਂਡੇਸ਼ਨ ਹਾਊਸ, 1979), 470. [2]ਜੇਮਸ ਹੇਸਟਿੰਗਜ਼, ਸੰਪਾ. ਹੇਸਟਿੰਗਜ਼ ਬਾਈਬਲ ਡਿਕਸ਼ਨਰੀ (ਨਿਊ ਯਾਰਕ: ਚਾਰਲਸ ਸਕ੍ਰਿਬਨਰ'ਜ਼ ਸੰਜ਼, 1898), 1:193.